**ਜਮਾਤ-ਬਾਰਵੀਂ**

**ਪੰਜਾਬੀ ਚੋਣਵੀਂ (ਓਪਨ ਸਕੂਲ)**

**ਵਿੱਦਿਅਕ ਵਰ੍ਹਾ: 2021-2022**

**ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ**

**ਪ੍ਰਸ਼ਨ-ਪੱਤਰ ਦੀ ਬਣਤਰ**

**ਸਮਾਂ: 3 ਘੰਟੇ** **ਲਿਖਤੀ ਅੰਕ= 80,ਆਂਤਰਿਕ ਮੁਲਾਂਕਣ=20**

**ਕੁੱਲ ਅੰਕ= 100**

ਪ੍ਰਸ਼ਨ:1 5 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ। ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ 80 ਅੰਕਾਂ ਵਿੱਚ ਹੀ ਰਾਖਵੇਂ ਹਨ। 5 ਅੰਕ

(1) ਪ੍ਰਸ਼ਨ-ਪੱਤਰ ਦੇ ਕੁੱਲ 7 ਪ੍ਰਸ਼ਨ ਹੋਣਗੇ।

(2) ਸਾਰੇ ਪ੍ਰਸ਼ਨ ਜ਼ਰੂਰੀ ਹੋਣਗੇ।.

(3) ਭਾਗ (ੳ), (ਅ), (ੲ) ਅਤੇ (ਸ) ਵਸਤੂਨਿਸ਼ਠ ਪ੍ਰਸ਼ਨਾਂ ਦੇ ਹਨ। ਹਰੇਕ ਪ੍ਰਸ਼ਨ ਦੇ 2 ਅੰਕ ਹਨ।

ਪ੍ਰਸ਼ਨ: 2 ਇਸ ਵਿੱਚ ਨਿਮਨਲਿਖਤ ਭਾਗਾਂ ਵਾਲੇ 20 ਵਸਤੂਨਿਸ਼ਠ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ:

ਭਾਗ(ੳ): ਇਸ ਵਿੱਚ ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲੇ 5 ਪ੍ਰਸ਼ਨ । ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।

ਭਾਗ(ਅ): ਇਸ ਵਿੱਚ ਬਹੁ-ਚੋਣਵੇਂ 5 ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।

( ਹਰੇਕ ਪ੍ਰਸ਼ਨ ਦੀਆਂ ਅੱਗੇ ਤਿੰਨ ਆਪਸ਼ਨਜ਼/ਵਿਕਲਪ ਹੋਣਗੇ।

ਭਾਗ(ੲ): ਇਸ ਵਿੱਚ 5 ਕਥਨ ਦੇ ਕੇ ਉਸ ਦੇ ਸਹੀ ਜਾਂ ਗ਼ਲਤ ਹੋਣ ਦਾ ਉੱਤਰ ਦੇਣਾ ਹੋਵੇਗਾ। ਹਰੇਕ ਕਥਨ ਦੇ 2 ਅੰਕ ਹੋਣਗੇ।

ਭਾਗ(ਸ): ਇਹ ਭਾਗ ਖਾਲੀ ਥਾਂਵਾਂ ਭਰਨ ਨਾਲ ਸੰਬੰਧਿਤ ਹੋਵੇਗਾ। ਇਸ ਵਿੱਚ 5 ਵਾਕਾਂ ਵਿੱਚ ਇੱਕ-ਇੱਕ ਖਾਲੀ ਥਾਂ ਭਰਨ ਲਈ ਦਿੱਤੀ ਜਾਵੇਗੀ। ਹਰੇਕ ਵਾਕ ਦੀ ਸਹੀ ਖਾਲੀ ਥਾਂ ਭਰਨ ਦੇ 2 ਅੰਕ ਹੋਣਗੇ। ਇਸ ਭਾਗ ਵਿੱਚ ਹਰੇਕ ਵਾਕ ਦੀ ਖਾਲੀ ਥਾਂ ਦੋ ਦੋ ਵਿਕਲਪ/ਆਪਸ਼ਨਜ਼ ਬਰੈਕਟ ਵਿੱਚ ਦਿੱਤੀਆਂ ਜਾਣਗੀਆਂ।

ਵਸਤੂਨਿਸ਼ਠ ਪ੍ਰਸ਼ਨ ਬੋਰਡ ਵੱਲੋਂ ਵਿਸ਼ੇ ਦੀਆਂ ਨਿਰਧਾਰਿਤ ਪਾਠ-ਪੁਸਤਕਾਂ ਵਿੱਚੋਂ ਲੋੜੀਂਦੇ ਅਨੁਪਾਤ ਅਨੁਸਾਰ ਹੋਣਗੇ।

20x2=40 ਅੰਕ

ਪ੍ਰਸ਼ਨ: 3 ਇਸ ਭਾਗ ਵਿੱਚ ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਵਿੱਚੋਂ ਇੱਕ-ਇੱਕ ਰਚਨਾ ਦੇ ਕਾਵਿ-ਅੰਸ਼ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ। ਪ੍ਰਸੰਗ ਲਈ 2 ਅਤੇ ਵਿਆਖਿਆ ਲਈ 3 ਅੰਕ ਹੋਣਗੇ। 3+4 = 7 ਅੰਕ

ਪ੍ਰਸ਼ਨ: 4 ਇਸ ਭਾਗ ਵਿੱਚ ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਵਿੱਚੋਂ ਇੱਕ-ਇੱਕ ਰਚਨਾ ਦਾ ਨਾਂ ਦੇ ਕੇ ਕਿਸੇ ਇੱਕ ਰਚਨਾ/ਕਵਿਤਾ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 4 ਅੰਕ

ਪ੍ਰਸ਼ਨ: 5 ਇਸ ਭਾਗ ਵਿੱਚ ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ ਕਿੱਸਾ-ਕਾਵਿ ਅਤੇ ਬੀਰ-ਕਾਵਿ ਨਾਲ ਸੰਬੰਧਿਤ ਪਾਠ-ਅਭਿਆਸਾਂ ਵਿੱਚੋਂ ਦੋ ਪ੍ਰਸ਼ਨ ਦੇ ਕੇ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 7 ਅੰਕ

ਪ੍ਰਸ਼ਨ: 6 ਆਪ-ਬੀਤੀਆਂ ਪਾਠ-ਪੁਸਤਕ ਦੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਚਾਰ ਪ੍ਰਸ਼ਨ ਦੇ ਕੇ ਕੋਈ ਦੋ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖਣ ਲਈ ਕਿਹਾ ਜਾਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 4 ਅੰਕਾਂ ਦਾ ਹੋਵੇਗਾ। 2x4=8 ਅੰਕ

ਪ੍ਰਸ਼ਨ: 7 ਸਾਹਿਤ-ਬੋਧ ਪਾਠ-ਪੁਸਤਕ ਵਿੱਚੋਂ ਕੋਈ ਤਿੰਨ ਸਾਹਿਤ-ਰੂਪ ਦੇ ਕੇ ਕੋਈ ਇੱਕ ਸਹਿਤ-ਰੂਪ ਬਾਰੇ ਨੋਟ ਲਿਖਣ ਲਈ ਕਿਹਾ ਜਾਵੇਗਾ। ਇਸ ਵਿੱਚ ਸੰਬੰਧਿਤ ਸਾਹਿਤ-ਰੂਪ ਦੀ ਮੌਲਿਕ ਪਰਿਭਾਸ਼ਾ ਦੇਣ ਦੇ 2 ਅੰਕ, ਉਸ ਦੀਆਂ ਵਿਸ਼ੇਸ਼ਤਾਈਆਂ/ਤੱਤਾਂ ਦੇ 4 ਅੰਕ ਅਤੇ ਉਸ ਦੇ ਕੋਈ 2 ਅਹਿਮ ਲੇਖਕਾਂ/ਰਚਨਾਵਾਂ ਦੇ ਨਾਂ ਲਿਖਣ ਦਾ 1 ਅੰਕ ਹੋਵੇਗਾ।

2+5+2=9 ਅੰਕ